**BCMSCHOOL BASANT AVENUE LUDHIANA**
**Assignment- August (2025)**
**Subject- Punjabi**
**Class- VI**

**1.**ਅਣਡਿੱਠਾ ਪੈਰਾ**-**

ਮਹਾਰਾਜਾ ਰਣਜੀਤ ਸਿੰਘ ਇੱਕ ਦਿਆਲੂ ਰਾਜਾ ਸੀ। ਇੱਕ ਵਾਰ ਉਸਦੇ ਰਾਜ ਵਿੱਚ ਕਾਲ ਪੈ ਗਿਆ। ਲੋਕ ਅਨਾਜ ਖੁਣੋਂ ਭੁੱਖੇ ਮਰਨ ਲੱਗੇ। ਰਾਜੇ ਕੋਲ ਲੋਕਾਂ ਦਾ ਦੁੱਖ ਸਹਿਣ ਨਾ ਹੋਇਆ। ਉਸ ਨੇ ਅਨਾਜ ਦੇ ਭੰਡਾਰ ਲੋਕਾਂ ਲਈ ਖੋਲ੍ਹ ਦਿੱਤੇ ਤੇ ਢੰਡੋਰਾ ਪਿਟਵਾ ਦਿੱਤਾ ਕਿ ਜਿਸ ਨੂੰ ਜਿੰਨਾ ਅਨਾਜ ਚਾਹੀਦਾ ਹੈ ,ਆ ਕੇ ਲੈ ਜਾਵੇ । ਇੱਕ ਬੁੱਢਾ ਤੇ ਲਾਚਾਰ ਆਦਮੀ ਕੋਲੋਂ ਉਹ ਦਾਣਿਆਂ ਦੀ ਪੰਡ ਚੁੱਕੀ ਨਹੀਂ ਸੀ ਜਾ ਰਹੀ। ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਭੇਸ ਬਦਲ ਕੇ ਉੱਥੇ ਖੜ੍ਹਾ ਸੀ। ਉਸ ਨੇ ਬਾਬੇ ਦੀ ਸਹਾਇਤਾ ਲਈ ਪੰਡ ਚੁੱਕੀ ਤੇ ਉਸ ਦੇ ਘਰ ਵੱਲ ਚੱਲ ਪਿਆ। ਪੰਡ ਉਸ ਦੇ ਘਰ ਰੱਖ ਕੇ ਉਹ ਜਿਉਂ ਹੀ ਤੁਰਨ ਲੱਗਾ ਤਾਂ ਬੁੱਢੇ ਨੇ ਉਸ ਦੀ ਬਾਂਹ ਫੜ ਲਈ ਤੇ ਕਿਹਾ ਕਿ ਉਹ ਕੌਣ ਹੈ ?ਜਿਸ ਨੇ ਉਸ ਦੀ ਮਦਦ ਕੀਤੀ ਹੈ। ਮਹਾਰਾਜੇ ਨੇ ਆਪਣੇ ਅਸਲੀ ਰੂਪ ਵਿੱਚ ਆ ਕੇ ਦੱਸਿਆ ਕਿ ਉਹ ਰਣਜੀਤ ਸਿੰਘ ਹੈ। ਉਹ ਲੋਕਾਂ ਦਾ ਸੇਵਕ ਹੈ। ਬੁੱਢਾ ਆਦਮੀ ਆਪਣੇ ਮਹਾਰਾਜੇ ਦੇ ਪੈਰੀਂ ਪੈ ਗਏ ।

ਉਪਰੋਕਤ ਪੈਰੇ ਨੂੰ ਪੜੋ ਤੇ ਹੇਠਾਂ ਦਿੱਤੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣੋ-

(ੳ)ਮਹਾਰਾਜਾ ਰਣਜੀਤ ਸਿੰਘ ਕਿਹੋ ਜਿਹਾ ਰਾਜਾ ਸੀ ?
(1) ਬੇਕਾਰ (ii) ਨਿਰਦਈ (iii) ਜ਼ਾਲਮ (iv) ਦਿਆਲੂ

(ਅ) ਕਾਲ ਪੈਣ 'ਤੇ ਕਾਹਦੀ ਕਮੀ ਆ ਗਈ ?
(i) ਪੈਸਿਆਂ ਦੀ (ii) ਅਨਾਜ ਦੀ (iii ) ਲੋਕਾਂ (iv) ਸਿਪਾਹੀਆਂ ਦੀ

(ੲ) ਬੁੱਢੇ ਕੋਲੋਂ ਕੀ ਨਹੀਂ ਸੀ ਚੁੱਕੀ ਜਾ ਰਹੀ ?
(i) ਪੰਡ। (ii) ਕੁਰਸੀ ( iii) ਬੋਰੀ (iv) ਮੰਜੀ

(ਸ) ਮਹਾਰਾਜਾ ਆਪਣੇ ਆਪ ਨੂੰ ਲੋਕਾਂ ਦਾ ਕੀ ਕਹਿੰਦਾ ਸੀ?
i) ਬਾਦਸ਼ਾਹ (ii) ਰਾਜਾ (iii) ਸੇਵਕ (iv) ਮਹਾਰਾਜਾ

**3**. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ

1. ਬਜ਼ੁਰਗ ਨੂੰ ਰਸਤੇ ਵਿੱਚ ਆਉਂਦਿਆਂ ਕੀ ਦਿੱਸਿਆ ?
2. ਸ਼ਬਦ ਗੋਦੜੀ ਦਾ ਕੀ ਅਰਥ ਹੈ ?
3. “ਆਫਲਾਈਨ “ਖਰੀਦਦਾਰੀ ਤੋਂ ਕੀ ਭਾਵ ਹੈ?
4.ਕਿਸਾਨ ਦਾ ਘਰ ਕਿੱਥੇ ਸੀ?

5. ਕਾਂ ਨਹਾਉਣ ਤੋਂ ਬਾਅਦ ਕੀ ਲਗਾਉਂਦਾ ਸੀ?
6. ਕਾਂ ਫਰਿਆਦ ਲੈ ਕੇ ਕਿਸ ਕੋਲ ਗਿਆ ਤੇ ਫਿਰ ਕਾਂ ਨੇ ਕੀ ਕੀਤਾ?
7. ਘਰ ਬੈਠਿਆਂ ਖਰੀਦਦਾਰੀ ਕੀ ਹੈ ਤੇ ਇਹ ਸਾਡੇ ਲਈ ਕਿਉਂ ਜਰੂਰੀ ਹੁੰਦੀ ਜਾ ਰਹੀ ਹੈ ?
8. ਚਿੜੀ ਤੋਂ ਈਰਖਾ ਕੌਣ ਕਰਦਾ ਸੀ ਤੇ ਕਿਉਂ?

**2.** ਹੇਠਾਂ ਦਿੱਤੀ ਤਸਵੀਰ ਵੇਖ ਕੇ ਪੈਰਾ ਰਚਨਾ ਲਿਖੋ ਤੇ ਢੁੱਕਵਾਂ ਸਿਰਲੇਖ ਲਿਖੋ **?**

